
# ਆਓ! ਉਰਦੂ ਲਿਖਣੀ ਸਿੱਖੀਏ




ਤਿਆਰ ਕਰਤਾ : ਜਗਤਾਰ ਸਿੰਘ ਸੋਖੀ

ਸੋਖੀ

Scanned by CamScanner

ਹਰ ਭਾਸ਼ਾ ਜਾਂ ਬੋਲੀ ਨੂੰ ਲਿਖਤੀ ਰੂਪ ਵਿੱਚ ਪ੍ਰਗਟ ਕਰਨ ਲਈ ਵਰਤੇ ਜਾਂਦੇ ਅੱਖਰਾਂ ਅਤੇ ਚਿੰਨ੍ਹਾਂ ਨੂੰ ਉਸ ਭਾਸ਼ਾ ਦੀ ਲਿਪੀ ਕਿਹਾ ਜਾਂਦਾ ਹੈ। ਹਰ ਭਾਸ਼ਾ ਦੀ ਆਪਣੀ ਪ੍ਰਮਾਣਿਕ ਲਿਪੀ ਹੁੰਦੀ ਹੈ, ਜਿਸ ਵਿੱਚ ਉਸ ਭਾਸ਼ਾ ਨੂੰ ਠੀਕ ਢੰਗ ਨਾਲ਼ ਲਿਖਿਆ ਜਾਂਦਾ ਹੈ।

ਪੰਜਾਬੀ ਭਾਸ਼ਾ ਲਿਖਣ ਲਈ ਜਿਸ ਤਰ੍ਹਾਂ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ, ਇਸੇ ਤਰਾਂ ਹਿੰਦੀ ਭਾਸ਼ਾ ਲਈ ਦੇਵਨਾਗਰੀ, ਅੰਗਰੇਜ਼ੀ ਭਾਸ਼ਾ ਲਈ ਰੋਮਨ ਅਤੇ ਉਰਦੂ ਭਾਸ਼ਾ ਲਈ – ਸ਼ਾਹਮੁਖੀ ਢੁਕਵੀਂ ਲਿਪੀ ਹੈ।

'ਉਰਦੂ' ਭਾਸ਼ਾ ਲਿਖਣ ਸਮੇ ਵੀ 'ਅੰਗਰੇਜ਼ੀ' ਭਾਸ਼ਾ ਵਾਂਗ ਦੋ ਤਰ੍ਹਾਂ ਦੀ ਵਰਨਮਾਲਾ ਵਰਤੀ ਜਾਂਦੀ ਹੈ।

ਅੰਗਰੇਜ਼ੀ ਭਾਸ਼ਾ ਲਿਖਣ ਸਮੇਂ



Scanned by CamScanner

ਸ਼ਬਦ ਦਾ ਪਹਿਲਾ ਅੱਖਰ ਜਾਂ ਵਰਨ ਵੱਡਾ ਵਰਤਿਆ ਜਾਂਦਾ ਹੈ ਅਤੇ ਆਖ਼ਰੀ ਅੱਖਰ ਜਾਂ ਵਰਨ ਛੋਟਾ, ਪਰ ਉਰਦੂ ਭਾਸ਼ਾ ( ਸ਼ਾਹਮੁਖੀ ) ਲਿਖਣ ਸਮੇਂ — ਵਰਨ ਦਾ ਛੋਟਾ ਰੂਪ ਸ਼ਬਦ ਦੇ ਸ਼ੁਰੂ ਵਿੱਚ ਅਤੇ ਵਰਨ ਦਾ ਅਸਲੀ ਜਾਂ ਵੱਡਾ ਰੂਪ ਸ਼ਬਦ ਦੇ ਅਖ਼ੀਰ ਵਿੱਚ ਲੱਗ ਕੇ ਸ਼ਬਦ ਨੂੰ ਪੂਰਾ ਕਰਦਾ ਹੈ; ਜਿਵੇਂ

Taj → تاج ਤਾਜ

Glass → گلاس ਗਲਾਸ

ਸਰਤਾਰ ਸਿੰਘ ਸੇਖੀ

ਉਰਦੂ ਲਿਖਣ ਸਮੇਂ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ਇਹ ਸੱਜੇ ਤੋਂ ਖੱਬੇ ਪਾਸੇ ← ਵੱਲ ਲਿਖਿਆ ਜਾਂਦਾ ਹੈ। ਸ਼ਬਦਾ ਦਾ ਆਪਸੀ ਫ਼ਾਸਲਾ ਅਤੇ ਲਿਖਤ ਨੂੰ ਸੁੰਦਰ ਬਣਾਉਣ ਲਈ ਵਰਨ ਜਾਂ ਅੱਖਰ ਦੀ ਠੀਕ ਬਣਤਰ ਦੇ ਅਨੁਸਾਰ ਹੀ ਲਿਖਿਆ ਜਾਵੇ।



Scanned by CamScanner

ਅਲਫ਼ ا

ਇਹ ਵਰਨ 'ਅ' ਦੀ ਅਵਾਜ਼ ਪ੍ਰਗਟ ਕਰਦਾ ਹੈ। ਇਹ ਕਿਸੇ ਹੋਰ ਵਰਨ ਤੋਂ ਬਾਅਦ ਜੇਕਰ ਲੱਗਾ ਹੋਵੇ ਤਾਂ 'ਕੰਨੇ' (ਾ) ਦੀ ਅਵਾਜ਼ ਪ੍ਰਗਟ ਕਰਦਾ ਹੈ। ਜੇਕਰ ਅਲਫ਼ ਦੇ ਉੱਪਰ ਮਦ ~ ਲੱਗੀ ਹੋਵੇ آ ਤਾਂ ਆ ਦੀ ਅਵਾਜ਼ ਬਣਦੀ ਹੈ।

<u>ਅਭਿਆਸ</u>

ا + ڈ + ن + ا ← انڈا     ا

ਅਲਫ਼ + ਡਾਲ + ਨੂਨ + ਅਲਫ਼ ← ਅੰਡਾ     ਅਲਫ਼

ر + و + گ + ن + ا ← انگور

ਰੇ + ਵਾਓ + ਗਾਫ਼ + ਨੂਨ + ਅਲਫ਼ ← ਅੰਗੂਰ

ਉਪਰੋਕਤ ਸ਼ਬਦ ਅੰਗੂਰ ਵਿੱਚ ਰੇ ر ਵਰਨ ਅਜ਼ਾਦ ਵਰਨ ਹੈ, ਇਹ ਕਿਸੇ ਵੀ ਹੋਰ ਵਰਨ ਨਾਲ਼ ਤਾਂ ਜੁੜ ਜਾਂਦਾ ਹੈ ਪਰ ਇਸ ਦੇ ਨਾਲ਼ ਹੋਰ ਕੋਈ ਵੀ ਵਰਨ ਜੋੜਿਆ ਨਹੀਂ ਜਾ ਸਕਦਾ। ਪਰ ਇਹ ਵਾਓ و , ਅਲਫ਼ ا, ਦਾਲ د, ਡਾਲ ڈ, ਜ਼ਾਲ ز , ਰੇ ر , ਅੜੇ

ਅਲਫ਼ ।

ਯੇ ژ , ਯੇਅ ژ ਨਾਲ ਵੀ ਨਹੀਂ ਜੁੜਦਾ।

ا + ٓ + ۱ = آ

ਮੀਮ +(ਉੱਪਰ) ਮਦ + ਅਲਫ਼ = ਆਮ

م + ٓ + ا ← آم

ਜਗਤਾਰ ਸਿੰਘ ਸੈਣੀ

ب ٻ ਬੇ ب

(ਛੋਟਾ ਰੂਪ)

ਅਭਿਆਸ

ی + ل + ب ← بلی = بلی

ਛੋਟੀ ਯੇ + ਲਾਮ + ਬੇ ← ਬਿੱਲੀ

ਇੱਥੇ ਛੋਟੀ ਯੇ ی ਬਿਹਾਰੀ (ਈ) ਦੀ ਅਵਾਜ਼ ਪ੍ਰਗਟ ਕਰਦੀ ਹੈ।

ا + ل + ب ← بلا = بلا

ਅਲਫ਼ + ਲਾਮ + ਬੇ ← ਬੱਲਾ

ਇੱਥੇ ਅਲਫ਼ ਕੰਨੇ ਦਾ ਕੰਮ ਕਰਦਾ ਹੈ।

ਨੋਟ! ਇਸ ਭਾਸ਼ਾ ਵਿੱਚ ਲਿਖਦੇ ਸਮੇਂ ਬਹੁਤੀ ਵਾਰ ਲਗਾਂ ਅਤੇ ਲਗਾਖਰ ਸਪੱਸ਼ਟ ਰੂਪ ਵਿੱਚ ਨਹੀਂ ਵਰਤੇ ਜਾਂਦੇ।



Scanned by CamScanner

( ਛੋਟਾ ਰੂਪ ) پ پ ਪੇ پ

## ਅਭਿਆਸ

ں + ء + و + ا + پ ← پاؤں

ਨੂਨ + ਹਮਜ਼ਾ + ਵਾਓ + ਅਲਫ਼ + ਪੇ ← ਪਾਓਂ (ਪੈਰ)

ਇੱਥੇ ਵਾਓ ਦੇ ਉੱਪਰ ਹਮਜ਼ਾ ਓ ਦੀ ਅਵਾਜ਼ ਰਲਾਉਂਦਾ ਹੈ।

گ + ن + ت + پ ← پتنگ

ਗਾਫ਼ + ਨੂਨ + ਤੇ + ਪੇ ← ਪਤੰਗ

( ਛੋਟੇ ਰੂਪ) ت ت ਤੇ ت

ਜਗਤਾਰ ਸਿੰਘ ਸੈਣੀ

ا + ل + ا + ت ← تالا

ਅਲਫ਼ + ਲਾਮ + ਅਲਫ਼ + ਤੇ ← ਤਾਲਾ

ز + و + ب + ر + ت ← تربوز

ਜ਼ੇ + ਵਾਓ + ਬੇ + ਰੇ + ਤੇ ← ਤਰਬੂਜ਼

ਇੱਥੇ ਵਾਓ ੂ ਦੁਲੈਂਕੜ ਦਾ ਕੰਮ ਕਰਦਾ ਹੈ।



Scanned by CamScanner

(ਛੋਟਾ ਰੂਪ) ٹ ٹ ਟੇ ٹ

ਅਭਿਆਸ

ی + پ + و + ٹ ← ٹوپی

ਛੋਟੀ ਯੇ + ਪੇ + ਵਾਓ + ਟੇ ← ਟੋਪੀ ٹ

ر + ٹ + ک + ی + ر + ٹ ← ٹریکٹر

ਰੇ + ਟੇ + ਕਾਫ਼ + ਛੋਟੀ ਯੇ + ਰੇ + ਟੇ ← ਟਰੈਕਟਰ

(ਛੋਟਾ ਰੂਪ) ث ث ਸੇ ث

ਅਭਿਆਸ

ਜਗਤਾਰ ਸਿੰਘ ਸੈਣੀ 9417166386

ر + م + ث ← ثمر

ਰੇ + ਮੀਮ + ਸੇ ਸਮਰ (ਫਲ)

(ਛੋਟਾ ਰੂਪ) ج ج ਜੀਮ ج

ਅਭਿਆਸ

گ + ج ← جگ

ਗਾਫ਼ + ਜੇ ← ਜਗ

ز + ا + ہ + ج ← جہاز

ਜ਼ੇ + ਅਲਫ਼ + ਹੇ + ਜੀਮ ← ਜਹਾਜ਼



Scanned by CamScanner

ਚੇ چـ ـچـ ـچ چ

ਅਭਿਆਸ

د + ن + ا + چ ← چاند

ਦਾਲ + ਨੂਨ + ਅਲਫ਼ + ਚੇ ← ਚਾਂਦ

ا + ی + ڑ + چ ← چڑیا

ਅਲਫ਼ + ਛੋਟੀ ਯੇ + ਅੜੇ + ਚੇ ← ਚਿੜੀਆ

(ਛੋਟੇ ਰੂਪ) حـ ـحـ ਹੇ ح

ਅਭਿਆਸ

ی + ٔ + ا + و + ل + ح ← حلوائی

ਛੋਟੀ ਯੇ + ਹਮਜ਼ਾ + ਅਲਫ਼ + ਵਾਓ + ਲਾਮ + ਹੇ ← ਹਲਵਾਈ

ـ + ق + ّ + ح ← حقّـ

ਅਲਫ਼ + ਕ਼ੁਆਫ਼ + ਤਸ਼ਦੀਦ + ਹੇ ← ਹੁੱਕਾ

(ਅਲਫ਼ ਦਾ ਅਲਗ ਰੂਪ)

ਜਗਤਾਰ ਸਿੰਘ ਸੋਖੀ
94171 66386



Scanned by CamScanner

(ਛੋਟੇ ਰੂਪ) ﺧ ﺨ ﺦ خ

ਅਭਿਆਸ

خربوزہ ← خ + ر + ب + و + ز + ہ

ਹੇ + ਜ਼ੇ + ਵਾਓ + ਬੇ + ਰੇ + ਖ਼ੇ ← ਖ਼ਰਬੂਜ਼ਾ

خرگوش ← خ + ر + گ + و + ش

ਸ਼ੀਨ + ਵਾਓ + ਗਾਫ਼ + ਰੇ + ਖ਼ੇ ← ਖ਼ਰਗੋਸ਼

ਇਸ ਦਾ ਛੋਟਾ ਰੂਪ ਨਹੀਂ ਹੈ, ਇਸ ਨੂੰ ਮੂਲ ਰੂਪ ਵਿੱਚ ਹੀ ਵਰਤਿਆ ਜਾਂਦਾ ਹੈ। ਦਾਲ د

درخت ← د + ر + خ + ت

ਤੇ + ਖ਼ੇ + ਰੇ + ਦਾਲ ← ਦਰਖ਼ਤ

دوات ← د + و + ا + ت

ਤੇ + ਅਲਫ਼ + ਵਾਓ + ਦਾਲ ← ਦਵਾਤ

ਵਾਓ و ਅਜ਼ਾਦ ਅੱਖਰ ਹੈ। ਇਸ ਲਈ ਵਾਓ ਤੋਂ ਬਾਅਦ ਲੱਗਣ ਵਾਲਾ ਕੋਈ ਵੀ ਅੱਖਰ ਜਾਂ ਵਰਨ ਇਸ ਦੇ ਨਾਲ਼ ਨਹੀਂ ਜੁੜਦਾ।



Scanned by CamScanner

ਦਾਲ, ਡਾਲ, ਜ਼ਾਲ, ਰੇ, ਅੜੇ, ਜ਼ੇ, ਯੇਅ ਦਾ ਛੋਟਾ ਰੂਪ ਨਹੀਂ ਹੁੰਦਾ।

ਡਾਲ ڈ

ਅਭਿਆਸ

ل + و + ڈ ← ڈول

ਲਾਮ + ਵਾਓ + ਡਾਲ ← ਡੋਲ

م + ر + ڈ ← ڈرم

ਮੀਮ + ਰੇ + ਡਾਲ ← ਡਰੰਮ

ਜ਼ਾਲ ذ

ਅਭਿਆਸ

ہ + ر + ی + خ + ذ ← ذخیرہ

ਹੇ + ਰੇ + ਛੋਟੀਯੇ + ਖੇ + ਜ਼ਾਲ ← ਜ਼ਖ਼ੀਰਾ

ਰੇ ر

ਅਭਿਆਸ

ھ + چ + ی + ر ← ریچھ

ਹੇ + ਚੇ + ਛੋਟੀਯੇ + ਰੇ ← ਰੀਛ

ل + ی + ر ← ریل

ਲਾਮ + ਛੋਟੀ ਯੇ + ਰੇ ← ਰੇਲ



Scanned by CamScanner

# ਅੜੇ

ਅੜੇ ڑ

ਉਰਦੂ ਵਿੱਚ ਕੋਈ ਵੀ ਸ਼ਬਦ (ڑ) ਅੜੇ ਨਾਲ ਸ਼ੁਰੂ ਨਹੀਂ ਹੁੰਦਾ।

ਅਭਿਆਸ

پہاڑ ← پ + ہ + ا + ڑ

ਪਹਾੜ ← ਪੇ + ਹੇ + ਅਲਫ਼ + ਅੜੇ

آڑو ← ا + ٓ + ڑ + و

ਆੜੂ ← ਅਲਫ + ਮਦ (ਉੱਪਰ) + ਅੜੇ + ਵਾਓ

## ਜ਼ੇ ز

ਅਭਿਆਸ

زراف ← ز + ر + ا + ف

ਜ਼ਿਰਾਫ਼ ← ਜ਼ੇ + ਰੇ + ਅਲਫ਼ + ਫ਼ੇ

زبان ← ز + ب + ا + ن

ਜ਼ਬਾਨ ← ਜ਼ੇ + ਬੇ + ਅਲਫ਼ + ਨੂਨ

## ਯੇ ژ

ਅਭਿਆਸ

ژالہ ← ژ + ا + ل + ا (~)

ਯ਼ਾਲਾ ← ਯੇ + ਅਲਫ + ਲਾਮ + ਅਲਫ ਦਾ ਲੇਟਵਾਂ ਰੂਪ



Scanned by CamScanner

ਛੋਟੇ ਰੂਪ ـسـ ـس  ਸੀਨ س

ਅਭਿਆਸ

سورج → س + و + ر + ج

ਸੂਰਜ → ਸੀਨ + ਵਾਓ + ਰੇ + ਜੇ

سائیکل → س + ا + ئ + ی + ک + ل

ਸਾਈਕਲ → ਸੀਨ + ਅਲਫ਼ + ਹਮਜ਼ਾ + ਛੋਟੀ ਯੇ + ਕਾਫ਼ + ਲਾਮ

ਛੋਟੇ ਰੂਪ ـشـ , شـ  ਸ਼ੀਨ ش

ਅਭਿਆਸ

شبیر → ش + ب + ر

ਸ਼ੇਰ → ਸ਼ੀਨ + ਛੋਟੀ ਯੇ + ਰੇ

شلجم → ش + ل + ج + م

ਸ਼ਲਜਮ → ਸ਼ੀਨ + ਲਾਮ + ਜੀਮ + ਮੀਮ

(ਸ਼ਲਗਮ ਜਾਂ ਗੋਂਗਲੂ)



Scanned by CamScanner

ਛੋਟਾ ਰੂਪ صـ ਸੁਆਦ ص

ਅਭਿਆਸ

ن + ب + ا + صـ ← صابن

ਨੂਨ + ਬੇ + ਅਲਫ਼ + ਸੁਆਦ ← ਸਾਬਨ

ق + و + د + ن + صـ ← صندوق

ਕੁਆਫ਼ + ਵਾਓ + ਦਾਲ + ਨੂਨ + ਸੁਆਦ ← ਸੰਦੂਕ

ਛੋਟਾ ਰੂਪ ضـ ਜ਼ੁਆਦ ض

ਅਭਿਆਸ

ف + یـ + عـ + ضـ ← ضعیف

ਫ਼ੇ + ਛੋਟੀ ਯੇ + ਐਨ + ਜ਼ੁਆਦ ← ਜ਼ਈਫ਼

(ਛੋਟਾ ਰੂਪ ਨਹੀਂ ਹੈ।) ਤੋਏ ط

ਅਭਿਆਸ

ا + ط + و + ط ← طوطا

ਅਲਫ਼ + ਤੋਏ + ਵਾਓ + ਤੋਏ ← ਤੋਤਾ

(ਇਸ ਦਾ ਵੀ ਛੋਟਾ ਰੂਪ ਨਹੀਂ ਹੈ।) ਜ਼ੋਏ ظ

ਅਭਿਆਸ

ف + و + ر + ظ ← ظروف

ਫ਼ੇ + ਵਾਓ + ਰੇ + ਜ਼ੋਏ ← ਜ਼ਰੂਫ਼



Scanned by CamScanner

ਛੋਟੇ ਰੂਪ ـعـ عـ ਐਨ ع

ਅਭਿਆਸ

عینک ← ع + یٖ + ن + ک

ਐਨਕ ← ਐਨ + ਛੋਟੀ ਯੇ + ਨੂਨ + ਕਾਫ਼

عورت ← ع + و + ر + ت

ਔਰਤ ← ਐਨ + ਵਾਓ + ਰੇ + ਤੇ

ਛੋਟੇ ਰੂਪ ـغـ غـ ਗ਼ੈਨ غ

ਅਭਿਆਸ

غبارہ ← غ + ب + ا + ر + ہ

ਗ਼ਬਾਰਾ ← ਗ਼ੈਨ + ਬੇ + ਅਲਫ਼ + ਰੇ + ਹੇ

غلیل ← غ + ل + یٖ + ل

ਗ਼ਲੇਲ ← ਗ਼ੈਨ + ਲਾਮ + ਛੋਟੀ ਯੇ + ਲਾਮ

ਛੋਟੇ ਰੂਪ ـفـ فـ ਫ਼ੇ ف

ਅਭਿਆਸ

فوارہ ← ف + و + ا + ر + ہ

ਫ਼ਵਾਰਾ ← ਫ਼ੇ + ਵਾਓ + ਅਲਫ਼ + ਰੇ + ਹੇ

فٹ بال ← ف + ٹ ب + ا + ل

ਫੁਟਬਾਲ ← ਫ਼ੇ + ਟੇ ਬੇ + ਅਲਫ਼ + ਲਾਮ

ਛੋਟੇ ਰੂਪ ﻗ ﻗ ਕ਼ਆਫ਼ ق

ਅਭਿਆਸ

قینچی ← ق + ی + ن + چ + ی

ਛੋਟੀਯੇ + ਚੇ + ਨੂਨ + ਛੋਟੀ ਯੇ + ਕ਼ਆਫ਼ ← ਕ਼ੈਂਚੀ

قلم ← ق + ل + م = قلم

ਮੀਮ + ਲਾਮ + ਕ਼ਆਫ਼ ← ਕ਼ਲਮ

ਛੋਟੇ ਰੂਪ ﻛ ﻛ ਕਾਫ਼ ک

ਅਭਿਆਸ

کار ← ک + ا + ر

ਰੇ + ਅਲਫ਼ + ਕਾਫ਼ ← ਕਾਰ

کمپیوٹر ← ک + م + پ + ی + و + ٹ + ر

+ ਵਾਓ + ਛੋਟੀ ਯੇ + ਪੇ + ਮੀਮ + ਕਾਫ਼ ← ਕੰਮਪਿਊਟਰ

ਰੇ + ਟੇ + ਕੰਪਿਊਟਰ



Scanned by CamScanner

ਛੋਟੇ ਰੂਪ ـگ گـ ਗਾਫ਼ گ

ਅਭਿਆਸ

ے + ء + ا + گ ← گائے

ਵੱਡੀ ਯੇ + ਹਮਜ਼ਾ + ਅਲਫ਼ + ਗਾਫ਼ ← ਗਾਏ (ਗਾਂ)

س + ا + ل + گ ← گلاس

ਸੀਨ + ਅਲਫ਼ + ਲਾਮ + ਗਾਫ਼ ← ਗਲਾਸ

ـل ਲਾਮ ل

ਅਭਿਆਸ

و + ٹ + ل ← لٹو

ਵਾਓ + ਟੇ + ਲਾਮ ← ਲਟੂ (ਲਾਟੂ)

ا + ٹ + و + ل ← لوٹا

ਅਲਫ਼ + ਟੇ + ਵਾਓ + ਲਾਮ ← ਲੋਟਾ

ਛੋਟੇ ਰੂਪ ـمـ مـ ਮੀਮ م

ی + ل + ھ + چ + م ← مچھلی

ਛੋਟੀ ਯੇ + ਲਾਮ + ਹੇ + ਚੇ + ਮੀਮ ← ਮਛਲੀ

ر + و + م ← مور

ਰੇ + ਵਾਓ + ਮੀਮ ← ਮੋਰ

ਛੋਟੇ ਰੂਪ ﻧ ﻨ ਨੂਨ ن

ਅਭਿਆਸ

ا + ک + ل + ن ← نلکا

ਅਲਫ਼ + ਕਾਫ਼ + ਲਾਮ + ਨੂਨ ← ਨਲਕਾ

ک + ا + ن ← ناک

ਕਾਫ਼ + ਅਲਫ਼ + ਨੂਨ ← ਨਾਕ

'ਵ', ਹੋੜਾ, ਔਕੜ ਦੀ ਅਵਾਜ਼ ਵਾਓ و

ਇਸ ਦਾ ਕੋਈ ਵੀ ਛੋਟਾ ਰੂਪ ਨਹੀਂ ਹੈ।

ਅਭਿਆਸ

ٹ + ک + و ← وکٹ

ਟੇ + ਕਾਫ਼ + ਵਾਓ ← ਵਿਕਟ

ن + گ + ی + و ← ویگن

ਨੂਨ + ਗਾਫ਼ + ਛੋਟੀ ਯੇ + ਵਾਓ ← ਵੈਗਨ

ਛੋਟੇ ਰੂਪ ھ ﮨ ﮩ ﮧ ਹੇ ہ

ਅਭਿਆਸ

ر + ہ  ر + ہ ← ہر ہر

ਰੇ + ਹੇ  ਰੇ + ਹੇ ← ਹਰ ਹਰ

ی + ھ + ت + ا + ہ ← ہاتھی

ਛੋਟੀ ਯੇ + ਹੇ + ਤੇ + ਅਲਫ਼ + ਹੇ ← ਹਾਥੀ



Scanned by CamScanner

ਇਹ ਸ਼ਬਦ ਦੇ ਹਮਜ਼ਾ ء
ਵਿਚਕਾਰ ਅਤੇ ਵਰਨ ਦੇ ਉੱਪਰ
ਲੱਗਦਾ ਹੈ।

ਛੋਟੇ ਰੂਪ ﯾ ﯿ ਛੋਟੀ ਯੇ ی

ਇਹ ਸਿਹਾਰੀ, ਬਿਹਾਰੀ ਦੀ ਥਾਂ ਤੇ ਲੱਗਦੀ ਹੈ। ਸ਼ਬਦਾਂ ਦੇ ਵਿਚਕਾਰ ਲਾਵਾਂ ਦੇ ਥਾਂ ਤੇ। ਵੱਡੀ ਯੇ ے

ਇਹ ਲਾਵਾਂ ਥਾਂ ਤੇ ਵਰਤੀ ਜਾਂਦੀ ਹੈ। ਜੇ ਇਸ ਦਾ ਛੋਟਾ ਰੂਪ ﯾ ਸ਼ਬਦ ਦੇ ਸ਼ੁਰੂ ਵਿੱਚ ਲੱਗਾ ਹੋਵੇ ਤਾਂ 'ਯ' ਦੀ ਅਵਾਜ਼ ਪ੍ਰਗਟ ਕਰਦਾ ਹੈ।

ਅਭਿਆਸ

ک + ا + ﯾ ← یاک

ਕਾਫ਼ + ਅਲਫ਼ + ਵੱਡੀ ਯੇ ← ਯਾਕ

~ + ک + ﯾ ← یکٰ

ਲੇਟਵੀਂ ਅਲਫ਼ + ਕਾਫ਼ + ਵੱਡੀ ਯੇ ← ਯੱਕਾ

ਜਿਸ ਤਰ੍ਹਾਂ ਪੰਜਾਬੀ ਭਾਸ਼ਾ ਲਿਖਣ ਸਮੇਂ ਕੁਝ ਚਿੰਨ੍ਹ, (ਲਗਾਂ ਅਤੇ ਲਗਾਖਰ) ਵਰਨ ਦੇ ਨਾਲ ਲੱਗ ਕੇ ਸ਼ਬਦ ਨੂੰ ਸਪਸ਼ਟ ਕਰਦੇ ਹਨ ਅਤੇ ਸੁਰ-ਧੁਨੀਆਂ ਨੂੰ ਅੰਕਿਤ ਕਰਦੇ ਹਨ, ਇਸੇ ਤਰ੍ਹਾਂ ਹੀ ਅੱਖਰ ਨਾਲ ਲੱਗਣ ਵਾਲੇ ਕੁਝ ਚਿੰਨ੍ਹ ਸ਼ਾਹਮੁਖੀ ਲਿਪੀ ਵਿੱਚ ਵੀ ਵਰਤੇ ਜਾਂਦੇ ਹਨ।

ਆਓ ਇਹਨਾਂ ਚਿੰਨ੍ਹਾਂ ਦਾ ਵੇਰਵੇ ਸਹਿਤ ਅਧਿਐਨ ਕਰਾਂਗੇ।

## ਜ਼ਬਰ زَبر   َ

ਇਹ ਚਿੰਨ੍ਹ, ਅੱਖਰ ਜਾਂ ਵਰਨ ਦੇ ਉੱਪਰ ਲੱਗਦਾ ਹੈ। ਇਹ ਅੱਖਰ ਦੇ ਉੱਪਰ ਲੱਗ ਕੇ ਉਸ ਦੀ ਅਵਾਜ਼ ਵਿੱਚ ਜ਼ੋਰ ਪੈਦਾ ਕਰਦਾ ਹੈ, ਭਾਵ ਅੱਖਰ ਦੀ ਅਪ੍ਰਤੱਖ ਜਾਂ ਹਲਕੀ ਜਿਹੀ ਅਵਾਜ਼ ਪੈਦਾ ਕਰਦਾ ਹੈ। ਜਿਵੇਂ:

| | | | | |
|---|---|---|---|---|
| ڈَر | کَل | سَب | رَب | اَب |
| ਡਰ | ਕਲ | ਸਬ | ਰਬ | ਅਬ |



Scanned by CamScanner

خط دس ہم کر کہ

ਕਹ ਕਰ ਹਮ ਦਸ ਖ਼ਤ

ਵਾਕ → ਡਰ ਮਤ ਸਚ ਬਾਤ ਕਹ

← ڈر مت سچ بات کہ

→ ਰਬ ਰਬ ਕਰ

← رب رب کر

→ ਆਜ ਕਾ ਕਾਮ ਕਲ ਪਰ ਮਤ ਡਾਲ

← آج کا کام کل پر مت ڈال

ਇਹ ਚਿੰਨ੍ਹ ਆਮ ਕਰਕੇ ਜ਼ੇਰ ___ ਅੱਖ਼ਰ ਦੇ ਹੇਠਾਂ ਸੱਜੇ ਪਾਸੇ زیر / ਵੱਲ ਲੱਗਦਾ ਹੈ। ਇਸ ਨਾਲ ਸਿਹਾਰੀ ਦੀ ਅਵਾਜ਼ ਪ੍ਰਗਟ ਹੁੰਦੀ ਹੈ।

اِس جِس دِل ضِد دِن

ਦਿਨ ਜ਼ਿਦ ਦਿਲ ਜਿਸ ਇਸ

گِن آخِر بارِش سردی

ਸਰਦੀ ਬਾਰਿਸ਼ ਆਖ਼ਿਰ ਗਿਣ



Scanned by CamScanner

← دادا بولا وارِث آیا چِڑیا لایا

→ ਦਾਦਾ ਬੋਲਾ ਵਾਰਿਸ ਆਇਆ ਚਿੜੀਆ ਲਾਇਆ

دس تک گِن آج بارِش ہوگی

ਆਜ ਬਾਰਿਸ਼ ਹੋਗੀ ਦਸ ਤਕ ਗਿਣ

ਇਹ ਚਿੰਨ੍ਹ ਵਰਨ پیش ਪੇਸ਼ ـُ
ਦੇ ਉੱਪਰ ਲੱਗਦਾ ਹੈ
ਅਤੇ ਔਂਕੜ ਦੀ ਅਵਾਜ਼ ਪ੍ਰਗਟ ਕਰਦਾ ਹੈ।

اُس اُن پُر پُن چُن سُن

ਸੁਨ ਚੁਨ ਪੁਨ ਪੁਰ ਉਨ ਉਸ

اُن سے مِل میری بات سُن

ਮੇਰੀ ਬਾਤ ਸੁਨ ਉਨ ਸੇ ਮਿਲ

خالی خانے پُر کر پانی پُن کر پی

ਖਾਲੀ ਖਾਨੇ ਪੁਰ ਕਰ ਪਾਨੀ ਪੁਨ ਕਰ ਪੀ

ਨੋਟ: ਉਰਦੂ ਭਾਸ਼ਾ ਵਿੱਚ 'ਣ' ਦੀ ਧੁਨੀ ਨਹੀਂ ਹੈ ਜੀ।

سیب چُن چُن کر لا

ਸੇਬ ਚੁਨ ਚੁਨ ਕਰ ਲਾ।



Scanned by CamScanner

'ਵਾਓ' ਜਾਂ ਵਾਓ ਤੋਂ ਪਹਿਲੇ ~~ੳ~~ ਅੱਖਰ ਉੱਪਰ ਜ਼ਬਰ (ـَ) ਲੱਗਣ 'ਤੇ ਵਾਓ ਕਨੌੜੇ ਦੀ ਅਵਾਜ਼ ਪ੍ਰਗਟ ਕਰਦਾ ਹੈ -

اَو غَو قَو دَو اَور

ਔਰ ਦੌ ਕੌ ਗ਼ੌ ਔ

غَور قَوم دَوڑ حَوض

ਹੌਜ਼ ਦੌੜ ਕੌਮ ਗੌਰ

قَوم کی بات کر قَوم کی بات سُن

ਕੌਮ ਕੀ ਬਾਤ ਸੁਨ ਕੌਮ ਕੀ ਬਾਤ ਕਰ

دَوڑ کر جا حَوض سے پانی لا

ਹੌਜ ਸੇ ਪਾਨੀ ਲਾ ਦੌੜ ਕਰ ਜਾ

ਵਾਓ ਜਾਂ ਉਸ ਤੋਂ ਪਹਿਲੇ ਅੱਖਰ ਉੱਪਰ ਪੇਸ਼ ـُ ਲੱਗਣ ਨਾਲ ਵਾਓ 'ੂ' ਜਾਂ ਦੁਲੈਂਕੜੇ ਦੀ ਅਵਾਜ ਵਿੱਚ ਬਦਲ ਜਾਂਦਾ ਹੈ।

بُو تُو ضُو

ਜ਼ੂ ਤੂ ਬੂ

دُور وُضُو

ਵਜ਼ੂ ਦੂਰ

دُور مت جا دَور کر آ

ਦੌੜ ਕਰ ਆ ਦੂਰ ਮਤ ਜਾ

ਅਮ ਕਾ ਜੂਸ ਪੀ آم کا جُوس پی



Scanned by CamScanner

ਅੱਖਰ ਦੇ ਉੱਪਰ ਜ਼ੇਰ ـَ ਅਤੇ ਨਾਲ
ਵੱਡੀ ਯੇ ਲੱਗੀ ਹੋਵੇ ਤਾਂ ਵੱਡੀ ਯੇ ے
ਦੁਲਾਵਾਂ ਬਣ ਜਾਂਦੀ ਹੈ।

اَے بَے پَے تَے ہَے

ਐ ਬੈ ਪੈ ਤੈ ਹੈ

بَیر سَیر غَیر پَیر

ਬੈਰ ਸੈਰ ਗੈਰ ਪੈਰ

بَیل گائے ਬੈਲ ਗਾਏ

اَیسا جَیسا وَیسا پَیسا

ਐਸਾ ਜੈਸਾ ਵੈਸਾ ਪੈਸਾ

ہر روز باغ کی سَیر کر

ਹਰ ਰੋਜ਼ ਬਾਗ ਕੀ ਸੈਰ ਕਰ

جَیسا نام وَیسا کام

ਜੈਸਾ ਨਾਮ ਵੈਸਾ ਕਾਮ



Scanned by CamScanner

ਜਿਸ ਤਰਾਂ 'ਅੰਗਰੇਜ਼ੀ' ਭਾਸ਼ਾ ਵਿੱਚ ਕੁਝ ਅੱਖ਼ਰਾਂ ਦੀ ਅਵਾਜ਼ ਮੂਲ ਅੱਖਰ ਨਾਲ ਹੋਰ ਅੱਖਰ ਮਿਲਾ ਕੇ ਸਹੀ ਨਿਕਲਦੀ ਹੈ, 'ਉਰਦੂ' ਭਾਸ਼ਾ ਵਿੱਚ ਵੀ ਕੁਝ ਅੱਖਰ ਅਜਿਹੇ ਹਨ :-

Bh = ਭ = ھ + ب → بھ ਅਸਲ ਰੂਪ

Ph = ਫ = ھ + پ → پھ

Th = ਥ = ھ + ت → تھ

Th = ਠ = ھ + ٹ → ٹھ

Jh = ਝ = ھ + ج → جھ

Chh = ਛ = ھ + چ → چھ

Dh = ਦ, ਧ = → دھ

Dh = ਢ → ڈھ

Rh = ੜ → ڑھ , رھ

Kh = ਖ → ھ + ک → کھ

Gh = ਘ = ھ + گ → گھ

Lh = ਲ੍ਹ = ھ + ل = لھ

mh = ਮ੍ਹ = ھ + م = مھ

ھ + ب = ھ + ب    ਭ    بھ

بھا بھر بھوک بھابی بھائی

ਭਾਈ ਭਾਬੀ ਭੂਕ ਭਰ ਭਾ

بھائی بھابی آئے - سارا کو بھی لائے

ਸਾਰਾ ਕੋ ਭੀ ਲਾਏ    ਭਾਈ ਭਾਬੀ ਆਏ

بھیڑ کو چارا ڈال

ਭੇਡ ਕੋ ਚਾਰਾ ਡਾਲ

ھ + پ = ھ + پ    ਫ    پھ

پھا پھل پھول

ਫੂਲ ਫਲ ਫਾ

پھل لے آ

ਫਲ ਲੇ ਆ

شاخ سے پھول مت توڑ

ਸ਼ਾਖ ਸੇ ਫੂਲ ਮਤ ਤੋੜ



Scanned by CamScanner

تھ = ت + ھ ← ت + ھ   ਥ   تھ

تھا   تھی   تھے   تھام   تھالی

ਥਾਲੀ   ਥਾਮ   ਥੇ   ਥੀ   ਥਾ

ساتھ   ساتھی   ہاتھ   ہاتھی

ਹਾਥੀ   ਹਾਥ   ਸਾਥੀ   ਸਾਥ

بھائی کے ساتھ جاؤ

ਭਾਈ ਕੇ ਸਾਥ ਜਾਓ

صاف تھالی لے آؤ

ਸਾਫ਼ ਥਾਲੀ ਲੇ ਆਓ

ٹھ = ٹ + ط ← ٹ + ھ   ਠ   ٹھ

ٹھاٹ   آٹھ   لاٹھ   لاٹھی   ٹھیلا

ਠੇਲਾ   ਲਾਠੀ   ਲਾਠ   ਆਠ   ਠਾਟ

ਠਾਟ (ਠਠ) ਮੇ ਬੈਠ   ٹھاٹ سے بیٹھ

ਬਾਬਾ ਜੀ ਕੀ ਲਾਠੀ   بابا جی کی لاٹھی

ਦਾਮ ਜਿਸ ਕੇ ਆਠ   دام جس کے آٹھ



Scanned by CamScanner

جھ ← ج + ھ   ਝ   جھ

جھا   جھول   جھولا   جھاڑو

ਝਾੜੂ   ਝੂਲਾ   ਝੂਲ   ਝਾ

سُوجھ   بُوجھ   جھولا   جھول

ਝੂਲ   ਝੂਲਾ   ਬੂਝ   ਸੂਝ

چھ ← چ + ھ   چھ   ਛ   چھ

چھا   چھے   چھاتا   چھت   کُچھ

ਕੁਛ   ਛਤ   ਛਾਤਾ   ਛੇ   ਛਾ

چھاج   چھاچھ   چھوڑ

چھاتا سر پر تان لے

ਛਾਤਾ ਸਿਰ ਪਰ ਤਾਨ ਲੇ

میری بات مان لے

ਮੇਰੀ ਬਾਤ ਮਾਨ ਲੇ

ਧ دھ

آدھا آدھی آدھے دھات

ਧਾਤ ਆਧੇ ਆਧੀ ਆਧਾ

دھان دھاگا دھوبی دُھن

ਧੁਨ ਧੋਬੀ ਧਾਗਾ ਧਾਨ

آدھے بادل آدھی دُھوپ

ਆਧੇ ਬਾਦਲ ਆਧੀ ਧੂਪ

دے کر سوئی دھاگا دارا باہر بھاگا

ਦੇ ਕਰ ਸੂਈ ਧਾਗਾ ਦਾਰਾ ਬਾਹਰ ਭਾਗਾ

ਢ ڈھ

ڈھال ڈھول

ਢੋਲ ਢਾਲ

ڈھول والا آیا

ਢੋਲ ਵਾਲਾ ਆਯਾ

ڈھول ساتھ لایا

ਢੋਲ ਸਾਥ ਲਾਯਾ



Scanned by CamScanner

# ੜ

ڑ

ڑ ਇਹ ਸ਼ਬਦ ਦੇ ਸ਼ੁਰੂ ਵਿੱਚ ਕਦੇ ਵੀ ਨਹੀਂ ਲਗਦਾ →

داڑھ گاڑھ بڑھ پڑھ چڑھ

ਚੜ੍ਹ, ਪੜ੍ਹ, ਬੜ੍ਹ, ਗਾੜ੍ਹ, ਦਾੜ੍ਹ,

خوب پڑھ آگے بڑھ

ਖ਼ੂਬ ਪੜ੍ਹ, ਆਗੇ ਬੜ੍ਹ,

کھ ← ھ + ک    ਖ    کھ

کھا کھاٹ کھاد لاکھ

ਲਾਖ ਖਾਦ ਖਾਟ ਖਾ

کھیت کھیل لکھ دُکھ سُکھ

ਸੁਖ ਦੁਖ ਲਿਖ ਖੇਲ ਖੇਤ

گھ ← ھ + گ    ਘ    گھ

گھا گھر گھاٹ گھاس گھوڑا

ਘੋੜਾ ਘਾਸ ਘਾਟ ਘਰ ਘਾ

ਘੋੜਾ ਘਾਸ ਖਾਤਾ ਹੈ — گھوڑا گھاس کھاتا ہے

ਧੋਬੀ ਘਾਟ ਜਾਤਾ ਹੈ — دھوبی گھاٹ جاتا ہے



Scanned by CamScanner

ਲ੍ਹ　لھ = ھ + ل

چُولھا　دُولھا

ਚੂਲ੍ਹਾ　ਦੂਲ੍ਹਾ

ਮ੍ਹ　مھ = ھ + م

کُمھار　تُمھارا

ਕੁਮ੍ਹਾਰ　ਤੁਮ੍ਹਾਰਾ

ਨ੍ਹ　نھ ← ھ + ن = نھ

تُمھارا بھائی نیک ہے

ਤੁਮ੍ਹਾਰਾ ਭਾਈ ਨੇਕ ਹੈ।

ਜਜ਼ਮ　جزم　ـْـ

ਇਹ ਅੱਖਰ ਦੇ ਉੱਪਰ ਲੱਗਦੀ ਹੈ ਅਤੇ ਉਸ ਦੀ ਅਵਾਜ਼ ਨੂੰ ਹਲਕਾ ਕਰਦੀ ਹੈ-

عَقْل　عِلْم　شُکْر　مُلْک

ਅਕਲ　ਇਲਮ　ਸ਼ੁਕਰ　ਮੁਲਕ

فَرْض　مَشْق　نَظْم

ਫ਼ਰਜ਼　ਮਸ਼ਕ　ਨਜ਼ਮ

عَقْل سے کام لے　ਅਕਲ ਸੇ ਕਾਮ ਲੇ

مَشْق حل کر　ਮਸ਼ਕ ਹਲ ਕਰ

نَظْم یاد کر　ਨਜ਼ਮ ਯਾਦ ਕਰ

## ਨੂਨ ਗੁੱਨਾ نون غنّہ — ں

ਇਹ ਬਿੰਦੀ ਜਾਂ ਹਲਕੇ (ਨ) ਦੀ ਅਵਾਜ ਪ੍ਰਗਟ ਕਰਦਾ ਹੈ। ਇਹ ਕਿਸੇ ਨਾ ਕਿਸੇ ਲਗਾ ਮਾਤਰਾ ਤੋਂ ਬਾਦ ਲੱਗਦਾ ਹੈ –

ماں مَیں ہَیں ہوں

ਮਾਂ ਮੈਂ ਹੈਂ ਹੂੰ

آنکھ چاند دانت بانٹ

ਆਂਖ ਚਾਂਦ ਦਾਂਤ ਬਾਂਟ

میرے ماموں گاؤں سے آئے ہیں –

ਮੇਰੇ ਮਾਮੂੰ ਗਾਓਂ ਸੇ ਆਏ ਹੈਂ

اُن کا گاؤں موگا کے قریب ہے

ਉਨ ਕਾ ਗਾਓਂ ਮੋਗਾ ਕੇ ਕਰੀਬ ਹੈ

اُن کے ہرے بھرے کھیت ہیں –

ਉਨ ਕੇ ਹਰੇ ਭਰੇ ਖੇਤ ਹੈਂ

شد تشدید — ّ

ਤਸ਼ਦੀਦ ਸ਼ਦ

ਸ਼ਦ ਜਾਂ ਤਸ਼ਦੀਦ – ਜਿਸ ਅੱਖਰ ਨੂੰ ਜੋਰ ਦੇ ਕੇ ਬੋਲਣਾ ਹੋਵੇ, ਉਸ ਉੱਪਰ ਸ਼ਦ ਜਾਂ ਤਸ਼ਦੀਦ ਲਗਾਇਆ ਜਾਂਦਾ ਹੈ –



Scanned by CamScanner

آبّا اَمّاں اَچّھا بَچّہ سَچّا مکّہ

ਮੱਕਾ ਸੱਚਾ ਬੱਚਾ ਅੱਛਾ ਅੱਮਾਂ ਅੱਬਾ

آبّا کتاب پڑھ رہے ہیں-

ਅੱਬਾ ਕਿਤਾਬ ਪੜ੍ਹ ਰਹੇ ਹੈਂ।

اَمّاں کام کر رہی ہے-

ਅੱਮਾਂ ਕਾਮ ਕਰ ਰਹੀ ਹੈ।

بچّہ کھیل رہا ہے-

ਬੱਚਾ ਖੇਲ ਰਹਾ ਹੈ।

## ਵਾਓ ਵਾਲਾ ਮਦ ‌ و

ਇਹ ਆਮ ਕਰਕੇ 'ਖ਼' ਦੇ ਔਂਕੜ ਵਾਲੇ ਸ਼ਬਦਾਂ ਦੇ ਲਿਖਣ ਵੇਲ਼ੇ ਲੱਗਦਾ ਹੈ ਜਿਸ ਨਾਲ਼ ਸ਼ਬਦ ਦੇ ਉਚਾਰਨ ਸਮੇਂ ਜੀਭ ਤਾਲੂ ਨਾਲ਼ ਛੂਹਣ ਕਰਕੇ ਉਚਾਰਨ ਵਿੱਚ ਫ਼ਰਕ ਪੈਂਦਾ ਹੈ।

خُود خُوش خُواب دسترخُوان

ਦਸਤਰਖ਼ਾਨ ਖ਼ਵਾਬ ਖ਼ੁਸ਼ ਖ਼ੁਦ

میرا نام صبا ہے- میں شوق سے پڑھتی ہوں

میرے بھائی کا نام سحر ہے-

ہم خُوش خط لکھتے ہیں- اپنا کام خُود کرتے ہیں- خُوش رہتے ہیں-



Scanned by CamScanner